# ਪੰਜਾਬ ਸਕੂਲ ਸਿੱਖਿਆ ਬੋਰਡ

ਵਿਦਿਆ ਭਵਨ - ਫੇਜ਼ 8, ਐਸ.ਏ.ਐਸ. ਨਗਰ

ਵੱਲ

ਪ੍ਰਿੰਸੀਪਲ / ਮੁੱਖ ਅਧਿਆਪਕ / ਮੁੱਖ ਅਧਿਆਪਿਕਾ,

ਪੰਜਾਬ ਰਾਜ ਦੇ ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲ ਅਤੇ

ਸਮੂਹ ਪ੍ਰਿੰਸੀਪਲ, ਪ.ਸ.ਸ.ਬ. ਆਦਰਸ਼ ਸੀਨੀ.ਸੈਕੰ.ਸਕੂਲ।

ਨੰਬਰ : - 2403 ਮਿਤੀ : 03-07-2024

ਧਰਤੀ ਤੇ ਪਸ਼ੂ, ਪੰਛੀਆਂ ਅਤੇ ਮਨੁੱਖੀ ਜੀਵਨ ਨੂੰ ਬਚਾਉਣ ਅਤੇ ਸੁਰੱਖਿਅਤ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਲੋੜ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਅਸੀਂ ਬਚਪਨ ਤੋਂ ਇਹ ਪੜ੍ਹਦੇ ਆ ਰਹੇ ਹਾਂ ਕਿ ਰੁੱਖ ਸਾਡੇ ਸੱਚੇ ਮਿੱਤਰ ਹਨ। ਇਹ ਸਾਨੂੰ ਆਕਸੀਜਨ ਦਿੰਦੇ ਹਨ. ਜੋ ਸਾਡੇ ਜੀਵਨ ਦਾ ਆਧਾਰ ਹੈ।

ਰੁੱਖਾਂ ਦੀ ਨਿਰੰਤਰ ਕਟਾਈ ਕਾਰਨ ਵਾਤਾਵਰਨ ਦਾ ਸੰਤੁਲਨ ਵਿਗੜ ਰਿਹਾ ਹੈ। ਇਸ ਦਾ ਅੰਦਾਜ਼ਾ ਇਸ ਸਾਲ ਗਰਮੀਆਂ ਵਿਚ ਵਧੇ ਤਾਪਮਾਨ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਬਚਪਨ ਤੋਂ ਹੀ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸਾਡਾ ਫਰਜ਼ ਹੈ। ਵੱਧ ਤੋਂ ਵੱਧ ਰੁੱਖ ਲਗਾਉਣ ਨਾਲ ਜਿੱਥੇ ਵਾਤਾਵਰਨ ਸੰਤੁਲਿਤ ਹੋਵੇਗਾ ਉਥੇ ਮਨੁੱਖੀ ਜੀਵਨ ਵੀ ਖੁਸ਼ਹਾਲ ਹੋਵੇਗਾ।

ਬੋਰਡ ਵੱਲੋਂ ਇਸ ਸਬੰਧ ਵਿੱਚ ਡੂੰਘੇ ਵਿਚਾਰ ਵਟਾਂਦਰੇ ਉਪਰੰਤ ਨਿਰਣਾ ਲਿਆ ਗਿਆ ਕਿ ਇਸ ਮੰਤਵ ਲਈ ਇਕ ਮੁਹਿੰਮ ਚਲਾਉਂਦੇ ਹੋਏ ਬੋਰਡ ਦੇ ਮੁੱਖ ਦਫ਼ਤਰ, ਖੇਤਰੀ ਦਫ਼ਤਰਾਂ ਅਤੇ ਬੋਰਡ ਨਾਲ ਜੁੜੇ ਸਕੂਲਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਜਾਵੇ। ਇਸ ਮੁਹਿੰਮ ਤਹਿਤ 15000 ਰੁੱਖ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ। ਇਹ ਟੀਚਾ ਆਪ ਸਭ ਦੇ ਸਹਿਯੋਗ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ।

ਇਸ ਮੰਤਵ ਲਈ ਮਿਤੀ 10.07.2024 ਨੂੰ ਸਵੇਰੇ 10 ਵਜੇ ਤੋਂ 12 ਵਜੇ ਤੱਕ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ। ਪੂਰੇ ਰਾਜ ਵਿੱਚ ਬੋਰਡ ਨਾਲ ਸਬੰਧਤ ਸਕੂਲਾਂ ਵਿਚ ਇੱਕੋ ਸਮੇਂ ਤੇ ਇਸ ਮੁਹਿੰਮ ਦਾ ਹਿੱਸਾ ਬਣਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਉਣਾ ਵਾਤਾਵਰਣ ਦੀ ਸੰਭਾਲ ਲਈ ਇੱਕ ਵੱਡਾ ਉਪਰਾਲਾ ਹੋਵੇਗਾ।

- ਬੋਰਡ ਵੱਲੋਂ ਸਕੂਲਾਂ ਲਈ ਉਪਲੱਬਧ ਰਜਿਸਟ੍ਰੇਸ਼ਨ ਪੋਰਟਲ ਤੇ "PLANTATION DRIVE 2024" ਲਈ ਵੱਖ-ਵੱਖ ਕਿਸਮਾਂ ਦੇ ਰੁੱਖਾਂ ਦੀ ਸੂਚੀ ਆਪ ਦੀ ਸਹੂਲਤ ਲਈ ਅੱਪਲੋਡ ਕੀਤੀ ਗਈ ਹੈ। ਇਸ ਸੂਚੀ ਵਿੱਚੋਂ ਚੋਣ ਕਰਦੇ ਹੋਏ ਘੱਟੋ-ਘੱਟ ਪੰਜ ਰੁੱਖ ਆਪਣੇ ਸਕੂਲ ਕੈਂਪਸ ਵਿੱਚ ਜ਼ਰੂਰ ਲਗਾਏ ਜਾਣ।
- ਸਕੂਲ ਦੇ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਲਈ ਬੇਹਤਰ ਹੋਵੇਗਾ ਕਿ ਇਹ ਰੁੱਖ ਸਕੂਲ ਦੇ ਵਿਦਿਆਰਥੀਆਂ ਜਾਂ ਪ੍ਰੀਖਿਆਵਾਂ ਵਿੱਚੋਂ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵੱਲੋਂ ਲਗਾਏ ਜਾਣ। ਆਪਣੇ ਹੱਥਾਂ ਨਾਲ ਲਗਾਏ ਹੋਏ ਰੁੱਖਾਂ ਦੀ ਸਾਂਭ-ਸੰਭਾਲ ਕਰਦੇ ਹੋਏ ਉਹਨਾਂ ਵਿਚ ਪ੍ਰਕ੍ਰਿਤੀ ਨਾਲ ਪਿਆਰ ਕਰਨ ਦੀ ਰੁਚੀ ਪੈਦਾ ਹੋਵੇਗੀ।
- ਲਗਾਏ ਜਾਣ ਵਾਲੇ ਰੁੱਖਾਂ ਦੀ ਸਾਂਭ-ਸੰਭਾਲ ਲਈ ਯੋਗ ਪ੍ਰਬੰਧ ਕੀਤੇ ਜਾਣ। ਸਕੂਲ ਵੱਲੋਂ ਇਸ ਸਾਰੇ ਕਾਰਜ ਦੀਆਂ ਯਾਦਗਾਰੀ ਤਸਵੀਰਾਂ ਰਜਿਸਟ੍ਰੇਸ਼ਨ ਪੋਰਟਲ ਦੇ ਐਲਬਮ ਮੀਨੂੰ ਵਿੱਚ ਅੱਪਲੋਡ ਕੀਤੀਆਂ ਜਾਣ। ਇਹ ਸਕੂਲ ਦਾ ਵਿਅਕਤੀਗਤ ਸਕੂਲ ਫੋਟੋ ਐਲਬਮ ਬਣ ਜਾਵੇਗਾ, ਜਿਸ ਨੂੰ ਕਿਸੇ ਵੀ ਸਮੇਂ ਵੇਖਿਆ ਜਾ ਸਕਦਾ ਹੈ। ਇਹ ਐਲਬਮ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹੋਵੇਗੀ।
- ਉਪਰੋਕਤ ਅਨੁਸਾਰ ਆਪ ਨੂੰ ਬੇਨਤੀ ਹੈ ਕਿ ਬੋਰਡ ਵੱਲੋਂ ਚਲਾਈ ਜਾ "PLANTATION DRIVE 2024" ਵਿਚ ਆਪਣੀ ਜ਼ਿੰਮੇਂਵਾਰੀ ਨੂੰ ਮਹਿਸੂਸ ਕਰਦਿਆਂ ਸਕੂਲ ਕੈਂਪਸ ਵਿਚ ਉਕਤ ਦਰਜ ਮਿਤੀ ਅਤੇ ਸਮੇਂ ਤੇ ਵੱਧ ਤੋਂ ਵੱਧ ਰੁੱਖ ਲਗਾਉਂਦੇ ਹੋਏ ਇਸ ਮੁਹਿੰਮ ਦਾ ਹਿੱਸਾ ਬਣਿਆ ਜਾਵੇ।

PUNJAB SCHOOL EDUCATION BOARD
PLANTATION DRIVE 2024

3/7/24

ਸੁਪਰਡੰਟ( ਐਫੀਲੀਏਸ਼ਨ)

ਵਾ: ਸਕੱਤਰ , ਪੰਜਾਬ ਸਕੂਲ ਸਿੱਖਿਆ ਬੋਰਡ